HEALTHCARE SAFETY INVESTIGATION BRANCH

FAMILY_INFORMATION-PUNJABI

# HSIB ਜਾਂਚ

## ਪਰਿਵਾਰਕ ਜਾਣਕਾਰੀ

ਹੈਲਥਕੇਅਰ ਸੇਫਟੀ ਇਨਵੈਸਟੀਗੇਸ਼ਨ ਬ੍ਰਾਂਚ (HSIB) ਨੂੰ ਰਾਸ਼ਟਰੀ ਮੈਟਰਨਿਟੀ ਸੁਰੱਖਿਆ ਰਣਨੀਤੀ ਦੇ ਹਿੱਸੇ ਵਜੋਂ ਜਾਂਚ ਕਰਨ ਲਈ ਇੱਕ ਰੈਫਰਲ ਭੇਜਿਆ ਗਿਆ ਹੈ।

ਅਸੀਂ ਸਮਝਦੇ ਹਾਂ ਕਿ ਇਹ ਤੁਹਾਡੇ ਲਈ ਅਤੇ ਤੁਹਾਡੇ ਕਰੀਬੀ ਲੋਕਾਂ ਲਈ ਇਕ ਮੁਸ਼ਕਲ ਸਮਾਂ ਹੋ ਸਕਦਾ ਹੈ, ਅਤੇ ਅਸੀਂ ਸਾਡੇ ਨਾਲ ਗੱਲ ਕਰਨ ਲਈ ਤੁਹਾਡਾ ਸਮਾਂ ਦੇਣ ਲਈ ਸ਼ੁਕਰਗੁਜ਼ਾਰ ਹਾਂ। ਸਾਡੇ ਨਾਲ ਤੁਹਾਡਾ ਅਨੁਭਵ ਸਾਂਝਾ ਕਰਕੇ ਤੁਸੀਂ ਸਾਡੀ ਜਾਂਚ ਨੂੰ ਸੂਚਿਤ ਕਰੋਗੇ ਅਤੇ ਹੋਰਾਂ ਲੋਕਾਂ ਦੇ ਹਿੱਤ ਲਈ ਕਿੱਥੇ ਸੁਧਾਰ ਕੀਤੇ ਜਾ ਸਕਦੇ ਹਨ, ਇਸ ਵਿਚ ਮਦਦ ਕਰੋਗੇ।

ਤੁਹਾਡੀ ਸਹਿਮਤੀ ਦੇ ਬਿਨ੍ਹਾ ਕੋਈ ਸਮਝੌਤਾ ਨਹੀਂ ਹੋਵੇਗਾ। ਤੁਸੀਂ ਕਿੰਝ ਸ਼ਾਮਲ ਹੋਣਾ ਚਾਹੁੰਦੇ ਹੋ, ਇਹ ਤੁਹਾਡੀ ਇੱਛਾ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ।

## ਸਾਡੀ ਮੈਟਰਨਿਟੀ ਜਾਂਚਾਂ ਬਾਰੇ ਤੁਹਾਡੇ ਇਹ ਸਵਾਲ ਹੋ ਸਕਦੇ ਹਨ

### HSIB ਕੀ ਹੈ?

ਅਪ੍ਰੈਲ 2017 ਤੋਂ ਕਾਰਜਸ਼ੀਲ, ਅਸੀਂ ਪੂਰੇ ਇੰਗਲੈਂਡ ਵਿੱਚ ਐਨਐਚਐਸ (NHS) ਵਿਚ ਸੁਤੰਤਰ ਜਾਂਚਾਂ ਨੂੰ ਅੰਜਾਮ ਦਿੰਦੇ ਹਾਂ। ਸਾਡਾ ਧਿਆਨ ਵਿਅਕਤੀਗਤ ਦੋਸ਼ ਲਗਾਉਣ ਦੀ ਬਜਾਏ ਪ੍ਰਣਾਲੀਗਤ ਤਬਦੀਲੀਆਂ 'ਤੇ ਹੈ, ਅਤੇ ਸਾਡਾ ਟੀਚਾ ਰਾਸ਼ਟਰੀ ਪੱਧਰ 'ਤੇ ਸੁਧਾਰ ਕਰਨਾ ਹੈ। ਸਾਡੀ ਐਨਐਚਐਸ (NHS) ਇੰਪਰੂਵਮੈਂਟ ਦੁਆਰਾ ਮੇਜ਼ਬਾਨੀ ਕੀਤੀ ਜਾਂਦੀ ਹੈ ਅਤੇ ਸਿਹਤ ਅਤੇ ਸਮਾਜਕ ਦੇਖਭਾਲ ਵਿਭਾਗ ਦੁਆਰਾ ਫੰਡ ਮੁੱਈਆ ਕਰਵਾਏ ਜਾਂਦੇ ਹਨ; ਹਾਲਾਂਕਿ, ਅਸੀਂ ਟਰੱਸਟਾਂ, ਐਨਐਚਐਸ (NHS) ਰੈਗੂਲੇਟਰਾਂ ਅਤੇ ਹੋਰਾਂ ਸੰਸਥਾਵਾਂ ਤੋਂ ਸੁਤੰਤਰ ਤੌਰ 'ਤੇ ਕੰਮ ਕਰਦੇ ਹਾਂ।

### HSIB ਮੈਟਰਨਿਟੀ ਦੀਆਂ ਜਾਂਚਾਂ ਕਿਉਂ ਕਰ ਰਿਹਾ ਹੈ?

HSIB ਸਿਹਤ ਅਤੇ ਸਮਾਜਕ ਦੇਖਭਾਲ ਵਿਭਾਗ ਦੀਆਂ ਸਾਡੀਆਂ ਹਦਾਇਤਾਂ ਮੁਤਾਬਕ ਮੈਟਰਨਿਟੀ ਦੀ ਸੁਰੱਖਿਆ ਵਿਚ ਸੁਧਾਰ ਲਈ ਪੂਰੀ ਅਤੇ ਸੁਤੰਤਰ ਜਾਂਚ ਕਰ ਰਿਹਾ ਹੈ। ਅਸੀਂ ਹਰ ਮਾਮਲੇ ਵਿਚ ਵਾਪਰੀਆਂ ਗੱਲਾਂ ਬਾਰੇ ਤੱਥ ਸਥਾਪਤ ਕਰਾਂਗੇ ਅਤੇ ਸਿਫਾਰਸ਼ਾਂ ਕਰਾਂਗੇ। ਅਸੀਂ ਆਪਣੀਆਂ ਰਿਪੋਰਟਾਂ ਤੋਂ ਪ੍ਰਾਪਤ ਨਤੀਜਿਆਂ ਨੂੰ ਇਕੱਠਾ ਕਰ ਸਕਦੇ ਹਾਂ ਅਤੇ ਵਿਆਪਕ ਸਿੱਟਾ ਕੱਢ ਸਕਦੇ ਹਾਂ।

### HSIB ਮੇਰੇ ਬੱਚੇ/ਪਰਿਵਾਰਕ ਮੈਂਬਰ ਨਾਲ ਵਾਪਰੀ ਕਿਸੇ ਘਟਨਾ ਦੀ ਜਾਂਚ ਕਿਉਂ ਕਰ ਰਿਹਾ ਹੈ?

ਸਾਡੇ ਨਿਰਦੇਸ਼ HSIB ਨੂੰ ਜੰਮਣ ਪੀੜਾਂ ਦੇ ਬਾਅਦ ਪੈਦਾ ਹੋਏ ਹਰ ਉਮਰ (ਘੱਟੋ-ਘੱਟ 37+0 ਗਰਭ ਦੇ ਪੂਰੇ ਹਫ਼ਤੇ) ਦਿਆਂ ਬੱਚਿਆਂ, ਜਿਹਨਾਂ ਨੂੰ ਹੇਠਾਂ ਦਿੱਤੇ ਇਕ ਤੋਂ ਵੱਧ ਨਤੀਜੇ ਹੁੰਦੇ ਹਨ, ਦੀ ਜਾਂਚ ਦੀ ਹਦਾਇਤ ਦਿੰਦੇ ਹਨ:

- **ਇੰਟਰਾ ਪਾਰਟਮ ਸਟਿੱਲ ਬਰਥ (ਜੰਮਣ ਪੀੜਾਂ ਤੋਂ ਬਾਅਦ ਅਤੇ ਜਨਮ ਤੋਂ ਪਹਿਲਾਂ ਬੱਚੇ ਦੀ ਮੌਤ)।** ਜਿੱਥੇ ਜੰਮਣ ਪੀੜਾਂ ਦੀ ਸ਼ੁਰੂਆਤ ਸਮੇਂ ਬੱਚੇ ਨੂੰ ਜੀਵਤ ਮੰਨਿਆ ਜਾਂਦਾ ਸੀ ਪਰ ਉਸਦੇ ਪੈਦਾ ਹੋਣ 'ਤੇ ਜੀਵਨ ਦਾ ਕੋਈ ਸੰਕੇਤ ਨਹੀਂ ਮਿਲਿਆ।

- **ਬੱਚੇ ਦੀ ਜਨਮ ਤੋਂ ਛੇਤੀ ਬਾਅਦ ਮੌਤ।** ਜਦੋਂ ਬੱਚੇ ਦੀ ਕਿਸੇ ਕਾਰਨ ਤੋਂ ਉਸਦੇ ਪੈਦਾ ਹੋਣ ਦੇ ਪਹਿਲੇ ਹਫ਼ਤੇ (0-6 ਦਿਨ) ਦੇ ਅੰਦਰ ਮੌਤ ਹੋ ਜਾਂਦੀ ਹੈ।

- ਪੈਦਾ ਹੋਣ ਦੇ ਪਹਿਲੇ ਸੱਤ ਦਿਨਾਂ ਵਿੱਚ, ਦਿਮਾਗੀ ਤੌਰ 'ਤੇ ਗੰਭੀਰ ਸੱਟ ਲੱਗਣ ਦਾ ਨਿਦਾਨ ਹੋਣਾ, ਜਦੋਂ ਬੱਚਾ:

  - ਗ੍ਰੇਡ III ਹਾਈਪੋਕਸਿਕ ਇਜ਼ਕੇਮਿਕ ਐਨਸੀਫੈਲੋਪੈਥੀ (HIE) ਨਾਲ ਨਿਦਾਨ ਕੀਤਾ ਗਿਆ ਸੀ।

  - ਥੈਰੇਪੀ ਨਾਲ ਠੰਡਾ ਕੀਤਾ ਗਿਆ ਸੀ (ਕੇਵਲ ਕਾਰਜਸ਼ੀਲ ਕੂਲਿੰਗ)।

  - ਸੈਂਟਰਲ ਟੋਨ ਘੱਟ ਗਿਆ ਸੀ ਅਤੇ ਕੋਮਾ ਦੀ ਹਾਲਤ ਵਿਚ ਪਹੁੰਚ ਗਿਆ ਸੀ ਅਤੇ ਕਿਸੇ ਤਰ੍ਹਾਂ ਦੇ ਦੌਰੇ ਪਏ ਸਨ।

ਅਸੀਂ ਉਨ੍ਹਾਂ ਬੱਚਿਆਂ ਦੀ ਜਾਂਚ ਨਹੀਂ ਕਰਦੇ ਹਾਂ ਜਿਨ੍ਹਾਂ ਦਾ ਨਤੀਜਾ ਜਮਾਂਦਰੂ ਅਨਿਯਮਤਤਾ ਦੇ ਕਾਰਨ ਸੀ।

### ਜੰਮਣ ਪੀੜਾਂ ਦੀ ਪਰਿਭਾਸ਼ਾ ਵਿਚ ਇਹ ਸ਼ਾਮਲ ਹਨ:

- 4 ਸੈ.ਮੀ. ਤੋਂ ਘੱਟ ਸਰਵਾਈਕਲ ਪ੍ਰਸਾਰ 'ਤੇ ਜੰਮਣ ਪੀੜਾਂ ਦੇ ਲੁਕਵੇਂ ਪੜਾਅ ਸਮੇਤ ਇਕ ਸਿਹਤ ਪੇਸ਼ੇਵਰ ਦੁਆਰਾ ਜੰਮਣ ਪੀੜਾਂ ਦਾ ਨਿਦਾਨ।

- ਜਦੋਂ ਉਹ ਔਰਤ ਯੂਨਿਟ ਨੂੰ ਜੰਮਣ ਪੀੜਾਂ ਵਿਚ ਹੋਣ ਬਾਰੇ ਸੂਚਿਤ ਕਰਨ ਲਈ ਕਹਿੰਦੀ ਹੈ, ਜਿਵੇਂ ਕਿ (ਪਰ ਇਹਨਾਂ ਤੱਕ ਹੀ ਸੀਮਤ ਨਹੀਂ) ਪੇਟ ਵਿਚ ਦਰਦ, ਸੰਕੁਚਨ ਜਾਂ ਸ਼ੱਕੀ ਫਟੀ ਹੋਈ ਝਿੱਲੀ।

- ਜੰਮਣ ਪੀੜਾਂ ਸ਼ੁਰੂ ਹੋਣਾ।

- ਜਦੋਂ ਜੰਮਣ ਪੀੜਾਂ ਤੋਂ ਪੂਰਵ, ਝਿੱਲੀ ਦੇ ਸ਼ੱਕੀ ਜਾਂ ਯਕੀਨੀ ਤੌਰ ਤੇ ਫਟਣ ਤੋਂ ਪਹਿਲਾਂ ਬੱਚੇ ਦਾ ਜੀਵਤ ਹੋਣਾ ਮੰਨਿਆ ਗਿਆ ਸੀ।

ਸਾਡੀਆਂ ਹਦਾਇਤਾਂ ਦੇ ਮੁਤਾਬਕ ਅਸੀਂ ਨਵਜਾਤ ਸ਼ਿਸ਼ੂਆਂ ਦਿਆਂ ਉਨ੍ਹਾਂ ਮਾਮਲਿਆਂ ਦੀ ਜਾਂਚ ਨਹੀਂ ਕਰਦੇ ਹਾਂ ਜਿੱਥੇ ਮਾਂ ਨੂੰ ਜੰਮਣ ਪੀੜਾਂ ਨਹੀਂ ਹੁੰਦੀਆਂ। ਉਦਾਹਰਨ ਲਈ, ਇਕ ਸੀਜ਼ੇਰੀਅਨ ਅਪ੍ਰੇਸ਼ਨ ਜੋ ਮਾਂ ਦੁਆਰਾ ਉਸਦੀ ਝਿੱਲੀਆਂ ਨੂੰ ਸੁੰਗੇੜਨ ਜਾਂ ਉਹਨਾਂ ਦੇ ਫਟਣ ਤੋਂ ਪਹਿਲਾਂ ਕੀਤਾ ਗਿਆ ਸੀ।

ਅਸੀਂ ਗਰਭਵਤੀ ਹੋਣ ਦੌਰਾਨ ਜਾਂ ਗਰਭ ਦੇ ਅੰਤ ਦੇ ਬਾਅਦ 42 ਦਿਨਾਂ ਦੇ ਅੰਦਰ ਔਰਤਾਂ ਦੀਆਂ ਸਿੱਧੀਆਂ ਜਾਂ ਅਸਿੱਧੀਆਂ ਮੈਟਰਨਿਟੀ ਮੌਤਾਂ ਦੀ ਵੀ ਜਾਂਚ ਕਰਾਂਗੇ।

ਸਿੱਧੀਆਂ ਮੌਤਾਂ ਵਿੱਚ ਗਰਭਵਤੀ ਹੋਣ 'ਤੇ (ਗਰਭ ਅਵਸਥਾ, ਜੰਮਣ ਪੀੜਾਂ ਅਤੇ ਡਿਲਿਵਰੀ ਦੇ ਬਾਅਦ) ਗਰਭ ਸਬੰਧੀ ਜਟਿਲਤਾਵਾਂ, ਦਖਲਅੰਦਾਜ਼ੀਆਂ, ਗਲਤੀਆਂ, ਗਲਤ ਇਲਾਜ ਜਾਂ ਉਪਰੋਕਤ ਵਿੱਚੋਂ ਕਿਸੇ ਦੇ ਨਤੀਜੇ ਵਜੋਂ ਵਾਪਰੀਆਂ ਲੜੀਵਾਰ ਘਟਨਾਵਾਂ ਦੇ ਕਾਰਨ ਹੋਈਆਂ ਮੌਤਾਂ ਸ਼ਾਮਲ ਹਨ।

ਅਸਿੱਧੀਆਂ ਮੌਤਾਂ ਵਿਚ ਉਹ ਮੌਤਾਂ ਸ਼ਾਮਲ ਹਨ ਜੋ ਪਹਿਲਾਂ ਤੋਂ ਮੌਜੂਦ ਬਿਮਾਰੀ ਜਾਂ ਗਰਭ ਦੇ ਦੌਰਾਨ ਪੈਦਾ ਹੋਈ ਅਜਿਹੀ ਬਿਮਾਰੀ ਕਾਰਨ ਹੋਈਆਂ ਸਨ ਅਤੇ ਜੋ ਡਿਲਿਵਰੀ ਦਿਆਂ ਕਾਰਨਾਂ ਦਾ ਨਤੀਜਾ ਨਹੀਂ ਸੀ, ਪਰ ਜੋ ਪੈਰੀ-ਨੇਟਲ ਮਿਆਦ (ਗਰਭ ਅਵਸਥਾ ਦੇ ਦੌਰਾਨ ਜਾਂ ਇਸਦੇ ਬਾਅਦ 42 ਦਿਨਾਂ ਦੇ ਅੰਦਰ) ਵਿਚ ਗਰਭ ਅਵਸਥਾ ਦੇ ਸਰੀਰਕ ਪ੍ਰਭਾਵਾਂ ਕਾਰਨ ਵਧੀ ਸੀ।

ਅਸੀਂ ਕੁਝ ਅਜਿਹੀਆਂ ਮੈਟਰਨਿਟੀ ਮੌਤਾਂ ਦੀ ਜਾਂਚ ਕਰ ਸਕਦੇ ਹਾਂ ਜੋ ਪੂਰੀ ਤਰ੍ਹਾਂ ਉਪਰੋਕਤ ਦੋ ਸ਼੍ਰੇਣੀਆਂ ਵਿੱਚ ਫਿੱਟ ਨਹੀਂ ਹੁੰਦੀਆਂ ਹਨ।

ਸਾਡੇ ਨਿਰਦੇਸ਼ਕਾਂ ਵਿਚ ਉਨ੍ਹਾਂ ਮਾਮਲਿਆਂ ਦੀ ਜਾਂਚ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਹੈ ਜਿੱਥੇ ਮੌਤ ਦਾ ਕਾਰਨ ਖੁਦਕੁਸ਼ੀ ਹੁੰਦੀ ਹੈ।

## ਕੀ ਹੋਵੇਗਾ ਜੇਕਰ ਮੈਂ ਜਾਂਚ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੀ ਹਾਂ?

ਅਸੀਂ ਪ੍ਰਦਾਨ ਕੀਤੀ ਗਈ ਦੇਖਭਾਲ ਵਿਚ ਜਾਂਚ ਲਈ ਤੁਹਾਡੀ ਸਹਿਮਤੀ ਚਾਹੁੰਦੇ ਹਾਂ ਅਤੇ ਉਸਨੂੰ ਮਹੱਤਵ ਦਿੰਦੇ ਹਾਂ। ਜੇਕਰ ਤੁਸੀਂ ਆਪਣੀ ਸਹਿਮਤੀ ਦੇਣਾ ਨਹੀਂ ਚਾਹੁੰਦੇ ਹੋ, ਜਾਂ ਤੁਹਾਨੂੰ ਇੰਝ ਲੱਗਦਾ ਹੈ ਕਿ ਤੁਸੀਂ ਇਸ ਸਮੇਂ ਫੈਸਲਾ ਕਰਨ ਦੇ ਯੋਗ ਨਹੀਂ ਹੋ, ਤਾਂ ਕਿਰਪਾ ਕਰਕੇ ਸਟਾਫ ਦੇ ਕਿਸੇ ਮੈਂਬਰ ਨੂੰ ਇਸ ਬਾਰੇ ਸੂਚਿਤ ਕਰਨ ਵਿਚ ਸੰਕੋਚ ਨਾ ਕਰੋ। ਤੁਸੀਂ ਆਪਣਾ ਮਨ ਬਦਲ ਸਕਦੇ ਹੋ, ਜਾਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਦੇ ਸਕਦੇ ਹੋ ਜਾਂ ਵਾਪਸ ਲੈ ਸਕਦੇ ਹੋ।

## ਮੈਟਰਨਿਟੀ ਜਾਂਚ ਟੀਮ ਵਿਚ ਕੌਣ ਸ਼ਾਮਲ ਹਨ?

ਜਾਂਚਾਂ HSIB ਸਟਾਫ ਦੁਆਰਾ ਕੀਤੀਆਂ ਜਾਂਦੀਆਂ ਹਨ ਜੋ ਕਈਂ ਤਰ੍ਹਾਂ ਦੇ ਪਿਛੋਕੜ ਅਤੇ ਮੁਹਾਰਤ ਵਿਚ ਜਾਂਚ ਦੀ ਸਿਖਲਾਈ ਪ੍ਰਾਪਤ ਹੁੰਦੇ ਹਨ।

## ਮੈਟਰਨਿਟੀ ਜਾਂਚ ਰਿਪੋਰਟ ਕਿੰਝ ਦਿਖਾਈ ਦੇਵੇਗੀ?

ਜਾਂਚ ਰਿਪੋਰਟ ਵਿਚ ਹਵਾਲੇ ਦੀਆਂ ਸ਼ਰਤਾਂ ਸ਼ਾਮਲ ਹੋਣਗੀਆਂ, ਜੋ ਜਾਂਚ ਦਾ ਕੇਂਦਰ ਬਣਨਗੀਆਂ। ਅਸੀਂ ਇਹ ਤੁਹਾਡੇ ਨਾਲ ਮਿਲਕੇ ਤਿਆਰ ਕਰਾਂਗੇ। ਇਹ ਜਾਂਚ ਦੀ ਪ੍ਰਕਿਰਿਆ, ਇਕੱਠੇ ਕੀਤੇ ਗਏ ਪ੍ਰਮਾਣ ਅਤੇ ਸੰਗਠਨਾਤਮਕ ਅਤੇ ਰਾਸ਼ਟਰੀ ਪੱਧਰ ਦੋਹਾਂ 'ਤੇ ਸੁਧਾਰ ਦੀਆਂ ਸਿਫਾਰਸ਼ਾਂ ਵੀ ਨਿਰਧਾਰਤ ਕਰੇਗੀ। ਰਿਪੋਰਟ ਨੂੰ ਤੈਅ ਕੀਤੇ ਜਾਣ ਤੋਂ ਪਹਿਲਾਂ ਤੁਹਾਡੇ ਕੋਲ ਪੜ੍ਹਨ ਅਤੇ ਟਿੱਪਣੀ ਦੇਣ ਦਾ ਮੌਕਾ ਹੋਵੇਗਾ।

## ਸਿਫ਼ਾਰਿਸ਼ਾਂ ਨੂੰ ਲਾਗੂ ਕੀਤਾ ਜਾਣਾ ਯਕੀਨੀ ਬਣਾਉਣ ਲਈ ਕੌਣ ਜ਼ੁੰਮੇਵਾਰ ਹੋਵੇਗਾ?

ਸੁਰੱਖਿਆ ਸਿਫਾਰਸ਼ਾਂ ਦਾ ਹਵਾਲਾ ਉਹਨਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਬਾਰੇ HSIB ਸਮਝਦੀ ਹੈ ਕਿ ਇਹ ਅੱਗੇ ਕਾਰਵਾਈ ਕਰਨ ਦੇ ਸਮਰਥ ਹਨ। ਇਹ ਸਥਾਨਕ ਪੱਧਰ (ਟਰੱਸਟ) 'ਤੇ ਜਾਂ ਰਾਸ਼ਟਰੀ ਪੱਧਰ (ਜਿਵੇਂ ਕਿ ਰੌਇਲ ਕਾਲਜ ਜਾਂ ਰੈਗੂਲੇਟਰਜ਼) 'ਤੇ ਹੋ ਸਕਦਾ ਹੈ।

## ਅੰਤਮ ਰਿਪੋਰਟਾਂ ਨੂੰ ਕੌਣ ਦੇਖੇਗਾ?

ਅੰਤਮ ਰਿਪੋਰਟਾਂ ਨੂੰ ਗੁਮਨਾਮ ਕੀਤਾ ਜਾਂਦਾ ਹੈ ਅਤੇ ਤੁਹਾਡੇ ਨਾਲ, ਸ਼ਾਮਲ ਹੋਣ ਵਾਲੇ ਸਟਾਫ ਨਾਲ ਅਤੇ ਕਿਸੇ ਹੋਰ ਸਬੰਧਤ ਸੰਗਠਨਾਂ ਨਾਲ ਸਾਂਝਾ ਕੀਤਾ ਜਾਂਦਾ ਹੈ। ਇਸਦੇ ਇਲਾਵਾ, ਸਿਖਲਾਈ ਦੇ ਮੁੱਖ ਖੇਤਰ ਸਾਡੀ ਵੈੱਬਸਾਈਟ 'ਤੇ ਪ੍ਰਕਾਸ਼ਤ ਕੀਤੇ ਜਾਣਗੇ।

## ਜੇਕਰ ਮੈਂ HSIB ਜਾਂਚ ਨਹੀਂ ਕਰਵਾਉਂਦੀ ਹਾਂ ਤਾਂ ਕੀ ਹੁੰਦਾ ਹੈ?

ਤੁਹਾਡੇ ਸਮਝੌਤੇ ਦੇ ਬਿਨ੍ਹਾ ਅਸੀਂ ਜਾਂਚ ਕਰਨ ਦੇ ਯੋਗ ਨਹੀਂ ਹੁੰਦੇ ਹਾਂ ਅਤੇ ਕੋਈ ਵੀ ਜਾਂਚ ਕਰਨ ਦੀ ਜ਼ੁੰਮੇਵਾਰੀ ਟਰੱਸਟ ਕੋਲ ਵਾਪਸ ਚਲੀ ਜਾਂਦੀ ਹੈ।

## ਤੁਸੀਂ ਜਾਂਚ ਟੀਮ ਤੋਂ ਕੀ ਉਮੀਦ ਕਰ ਸਕਦੇ ਹੋ

- ਜਾਂਚ ਟੀਮ ਸ਼ਾਮਲ ਹੋਣ ਵਾਲੇ ਮੁੱਖ ਲੋਕਾਂ ਨਾਲ ਗੱਲ ਕਰੇਗੀ। ਇਹ ਆਮਤੌਰ 'ਤੇ ਫੇਸ-ਟੂ-ਫੇਸ ਇੰਟਰਵਿਊਜ਼ ਰਾਹੀਂ ਕੀਤਾ ਜਾਂਦਾ ਹੈ। ਜੇਕਰ ਤੁਹਾਨੂੰ ਕਿਸੇ ਵੱਖਰੇ ਢੰਗ ਨਾਲ ਸ਼ਾਮਲ ਹੋਣਾ ਆਸਾਨ ਲੱਗਦਾ ਹੈ (ਜਿਵੇਂ ਕਿ ਲਿਖਤੀ ਰੂਪ ਵਿੱਚ ਜਾਂ ਟੈਲੀਫੋਨ ਰਾਹੀਂ), ਤਾਂ ਅਸੀਂ ਤੁਹਾਡੇ ਨਾਲ ਤੁਹਾਨੂੰ ਲੋੜੀਂਦੀ ਤੁਹਾਡੀ ਅਤਿਰਿਕਤ ਸਹਾਇਤਾ ਦੇ ਬਾਰੇ ਵੱਖ-ਵੱਖ ਵਿਕਲਪਾਂ ਦੀ ਚਰਚਾ ਕਰਾਂਗੇ।

- ਟੀਮ ਵਿਚ ਉਹ ਲੋਕ ਸ਼ਾਮਲ ਹੋਣਗੇ ਜੋ ਤੁਹਾਡੇ ਨਾਲ ਅਤੇ ਤੁਹਾਡੇ ਪਰਿਵਾਰ ਨਾਲ ਗੱਲ ਕਰਨ ਲਈ ਵਿਸ਼ੇਸ਼ ਤੌਰ 'ਤੇ ਪਛਾਣੇ ਗਏ ਹਨ ਅਤੇ ਸਿਖਲਾਈ ਪ੍ਰਾਪਤ ਹਨ। ਤੁਹਾਨੂੰ ਇਸ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾਵੇਗੀ ਕਿ ਜਾਂਚ ਟੀਮ ਦਾ ਕਿਹੜਾ ਮੈਂਬਰ ਤੁਹਾਡਾ ਸਮਰਪਿਤ ਸੰਪਰਕ ਹੋਵੇਗਾ ਅਤੇ ਤੁਸੀਂ ਉਨ੍ਹਾਂ ਨਾਲ ਕਿੰਝ ਸੰਪਰਕ ਕਰ ਸਕਦੇ ਹੋ ਜਾਂ ਉਨ੍ਹਾਂ ਨੂੰ ਸੁਨੇਹਾ ਕਿਵੇਂ ਦੇ ਸਕਦੇ ਹੋ।

- ਸਾਡੇ ਪੜਤਾਲਕਰਤਾ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕੰਮ ਕਰਦੇ ਹਨ ਅਤੇ ਇਹਨਾਂ ਦੇ ਦੌਰਾਨ ਸੁਨੇਹਿਆਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ। ਜੇਕਰ ਤੁਹਾਡਾ ਨਾਮਤ ਪੜਤਾਲਕਰਤਾ ਕਿਸੇ ਕਾਰਨ ਕਰਕੇ ਦੂਰ ਹੈ, ਤਾਂ ਅਸੀਂ ਤੁਹਾਨੂੰ ਇੱਕ ਵਿਕਲਪਕ ਸੰਪਰਕ ਪ੍ਰਦਾਨ ਕਰਾਂਗੇ।

- ਸਾਡੇ ਪੜਤਾਲਕਰਤਾ ਤੁਹਾਡੇ ਨਾਲ ਸੰਪਰਕ ਕਰਨ ਦੇ ਦੌਰਾਨ ਤੁਹਾਡੀ ਸੁਵਿਧਾ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਹ ਮੁਲਾਕਾਤ ਕਰਨ ਦੇ ਸਮੇਂ ਅਤੇ ਸਥਾਨ ਨੂੰ ਲੈਕੇ ਲਚਕਦਾਰ ਹੋ ਸਕਦੇ ਹਨ ਅਤੇ ਮੁਲਾਕਾਤ ਨੂੰ ਤੁਹਾਡੇ ਲਈ ਉਚਿਤ ਢੰਗ ਵਿਚ ਕਰਨ ਦੀ ਕੋਸ਼ਿਸ਼ ਕਰਨਗੇ। ਉਦਾਹਰਨ ਲਈ, ਜਦੋਂ ਤੁਸੀਂ ਬੋਲਣ ਦੇ ਯੋਗ ਨਹੀਂ ਹੁੰਦੇ ਹੋ ਤਾਂ ਤੁਸੀਂ ਆਪਣੇ ਪੱਖੋਂ ਬੋਲਣ ਲਈ ਕਿਸੇ ਵਿਅਕਤੀ ਨੂੰ ਨਿਰਧਾਰਤ ਕਰ ਸਕਦੇ ਹੋ।

- ਪੜਤਾਲਕਰਤਾ ਤੁਹਾਨੂੰ ਪੂਰੀ ਜਾਂਚ ਦੇ ਦੌਰਾਨ ਅੱਪਡੇਟ ਰੱਖੇਗਾ।

- ਜਾਂਚ ਪੂਰੀ ਹੋ ਜਾਣ 'ਤੇ, ਪੜਤਾਲਕਰਤਾ ਤੁਹਾਡੇ ਨਾਲ ਨਤੀਜੇ ਸਾਂਝੇ ਕਰਨ ਅਤੇ ਡ੍ਰਾਫਟ ਰਿਪੋਰਟ ਬਾਰੇ ਤੁਹਾਡਾ ਫੀਡਬੈਕ ਲੈਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ।

- ਪੂਰੀਆਂ ਜਾਂਚਾਂ ਵਿਚ ਸਮਾਂ ਲੱਗਦਾ ਹੈ। ਤੁਹਾਡੀ ਜਾਂਚ ਟੀਮ ਤੁਹਾਨੂੰ ਇਹ ਦੱਸ ਸਕੇਗੀ ਕਿ ਜਾਂਚ ਪ੍ਰਕਿਰਿਆ ਵਿਚ ਕਿੰਨਾ ਸਮਾਂ ਲੱਗ ਸਕਦਾ ਹੈ।

- ਅੰਤਮ ਰਿਪੋਰਟ ਤਿਆਰ ਹੋਣ 'ਤੇ, ਤੁਹਾਨੂੰ ਇੱਕ ਨਕਲ ਪ੍ਰਾਪਤ ਹੋਵੇਗੀ ਜਿਸ ਵਿੱਚ ਸਾਡੀਆਂ ਸੁਰੱਖਿਆ ਸਬੰਧੀ ਸਾਰੀਆਂ ਸਿਫਾਰਸ਼ਾਂ ਸ਼ਾਮਲ ਹੋਣਗੀਆਂ।

## ਸਾਨੂੰ ਤੁਹਾਡੇ ਤੋਂ ਕੀ ਚਾਹੀਦਾ ਹੋਵੇਗਾ

- ਅਸੀਂ ਤੁਹਾਡੀ ਮਦਦ ਦੀ ਮੰਗ ਕਰਾਂਗੇ ਤਾਂ ਜੋ ਤੁਸੀਂ ਸਾਨੂੰ ਇਹ ਦੱਸ ਸਕੋ ਕਿ ਕੀ ਹੋਇਆ ਹੈ, ਤਾਂ ਜੋ ਸਾਨੂੰ ਸਾਰਿਆਂ ਤੱਥਾਂ ਬਾਰੇ ਪਤਾ ਹੋਵੇ। ਅਸੀਂ ਸਮਝਦੇ ਹਾਂ ਕਿ ਇਹ ਸਮਾਂ ਪਰੇਸ਼ਾਨੀ ਭਰਿਆ ਹੋ ਸਕਦਾ ਹੈ ਅਤੇ ਅਸੀਂ ਤੁਹਾਡੀ ਮਦਦ ਕਰਨ ਲਈ ਪੂਰੀ ਕੋਸ਼ਿਸ਼ ਕਰਾਂਗੇ ਅਤੇ ਤੁਹਾਡੀ ਪਹੁੰਚ ਲਈ ਤੁਹਾਨੂੰ ਅਤਿਰਿਕਤ ਸਰੋਤਾਂ ਬਾਰੇ ਸਲਾਹ ਦੇਵਾਂਗੇ।

- ਅਸੀਂ ਤੁਹਾਡੇ ਨਾਲ ਸੰਪਰਕ ਕਰਨ ਲਈ ਉੱਤਮ ਸਮੇਂ ਅਤੇ ਸਥਾਨਾਂ ਬਾਰੇ ਤੁਹਾਡੇ ਨਾਲ ਚਰਚਾ ਕਰਾਂਗੇ।

- ਜਿਵੇਂ ਕਿ ਪੜਤਾਲਕਰਤਾ ਇਹ ਚਾਹੁਣਗੇ ਕਿ ਜਾਂਚ ਵੱਧ ਤੋਂ ਵੱਧ ਪੂਰੀ ਹੋਵੇ, ਇਸਦਾ ਅਰਥ ਇਹ ਹੈ ਕਿ ਤੁਹਾਡੇ (ਜਾਂ ਨਾਮਜ਼ਦ ਵਿਅਕਤੀ) ਨਾਲ ਇਕ ਤੋਂ ਵੱਧ ਵਾਰ ਸੰਪਰਕ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਸੰਪਰਕ ਵੇਰਵਿਆਂ ਵਿਚ ਕੋਈ ਬਦਲਾਅ ਹੁੰਦੇ ਹਨ (ਜਿਵੇਂ ਕਿ ਨਵਾਂ ਫੋਨ ਨੰਬਰ), ਤਾਂ ਇਹ ਜ਼ਰੂਰੀ ਹੈ ਕਿ ਪੜਤਾਲਕਰਤਾਵਾਂ ਨੂੰ ਇਸ ਬਦਲਾਅ ਬਾਰੇ ਸੂਚਿਤ ਕੀਤਾ ਜਾਵੇ।

## ਹੋਰ ਜਾਣੋ

**ਈਮੇਲ:** enquiries@hsib.org.uk
**ਵੈੱਬਸਾਈਟ:** www.hsib.org.uk

## ਤੁਹਾਡੇ ਪੜਤਾਲਕਰਤਾ ਦਾ/ਦੇ ਨਾਮ ਅਤੇ ਸੰਪਰਕ ਵੇਰਵੇ

| | | |
|---|---|---|
| **ਪੜਤਾਲਕਾਰ ਦਾ ਨਾਮ** | | |
| **ਟੈਲੀਫੋਨ ਨੰਬਰ** | | |
| **ਈਮੇਲ** | | |

ਜੇਕਰ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਇਹ ਪੁਸਤਿਕਾ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿਚ ਚਾਹੁੰਦਾ ਹੈ ਤਾਂ ਕਿਰਪਾ ਕਰਕੇ ਆਪਣੇ ਪੜਤਾਲਕਰਤਾ ਨਾਲ ਸੰਪਰਕ ਕਰੋ। HSIB ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਹੇਠਾਂ ਦਿੱਤੀ ਵੈੱਬਸਾਈਟ ਦੇਖੋ; **www.hsib.org.uk**

WWW.HSIB.ORG.UK
@hsib_org